੧੦੮

ਅੰਮ੍ਰਿਤ

(ਲੇਖਕ: ਬਲਵਿੰਦਰ ਸਿੰਘ)

ਨਾਮ, ਸ਼ਬਦ ਗੁਰੂ ਅਤੇ ਮਨ ਵਾਂਗ ਅੰਮ੍ਰਿਤ ਅੱਖਰ ਗੁਰੂ ਗ੍ਰੰਥ ਸਾਹਿਬ ਵਿੱਚ ਬਹੁਤ ਵਾਰੀ ਅਤੇ ਵੱਖ-ਵੱਖ ਸੰਦਰਭਾਂ ਵਿੱਚ ਵਰਤਿਆ ਗਿਆ ਹੈ। ਅੰਮ੍ਰਿਤ ਬਾਣੀ, ਹਰਿ ਕਾ ਨਾਮ ਅੰਮ੍ਰਿਤ, ਅੰਮ੍ਰਿਤ ਹਰਿ ਕਾ ਨਾਮ, ਅੰਮ੍ਰਿਤ ਬਚਨ, ਅੰਮ੍ਰਿਤ ਰਸ, ਅੰਮ੍ਰਿਤ ਭਿੰਨੇ ਨੈਣ, ਗੁਰ ਅੰਮ੍ਰਿਤ ਭਿੰਨੀ ਦੇਹੁਰੀ ਤੋਂ ਇਲਾਵਾ ਬਹੁਤ ਸਾਰੀਆਂ ਭਾਵਨਾਵਾਂ ਨੂੰ ਦਰਸਾਉਣ ਵਾਸਤੇ ਇਸ ਬਹੁਪੱਖੀ ਅਰਥ ਰੱਖਣ ਵਾਲੇ ਇਸ ਪਦ ਦਾ ਪ੍ਰਯੋਗ ਹੋਇਆ ਹੈ।

ਮੁੱਖ ਰੂਪ ਵਿੱਚ ਅੰਮ੍ਰਿਤ ਨਾਮ ਵਾਸਤੇ ਹੀ ਵਰਤਿਆ ਗਿਆ ਹੈ। ਅੰਮ੍ਰਿਤ ਦਾ ਅੱਖਰੀ ਅਰਥ ਹੈ – ਮੌਤ ਤੋਂ ਰਹਿਤ, ਜਿਸ ਨੂੰ ਮੌਤ ਨਾਂ ਆਉਂਦੀ ਹੋਵੇ, ਜੋ ਸਦੀਵ ਕਾਲ ਸਜੀਵ ਤੇ ਜਿਉਂਦਾ ਹੋਵੇ, ਜਿਸ ਦੀ ਮਿਰਤੂ ਨਾ ਹੁੰਦੀ ਹੋਵੇ, ਉਹ ਅੰਮ੍ਰਿਤ ਹੈ ਭਾਵ ਮੌਤ ਤੋਂ ਬ਼ਗ਼ੈਰ। ਇਹ ਇੱਕ ਅਟੱਲ ਸਚਾਈ ਹੈ ਕਿ ਵਾਹਿਗੁਰੂ ਸਦੀਵੀ ਤੇ ਅਮਰ ਹੈ। **"ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ"** ਅਤੇ ਭਵਿੱਖ ਵਿੱਚ ਵੀ ਹੋਣ ਵਾਲਾ **"ਹੋਸੀ ਭੀ ਸਚੁ"** ਹੈ। ਵਾਹਿਗੁਰੂ ਦੇ ਨਾਮ ਅਕਾਲ ਪੁਰਖ ਦਾ ਮਤਲਬ ਵੀ ਇਹੀ ਹੈ ਕਿ ਜੋ ਕਾਲ ਰਹਿਤ ਹੈ ਜਿਸਨੂੰ ਕਾਲ ਨਹੀਂ ਖਾਂਦਾ। ਮੌਤ ਉਸਦਾ ਅੰਤ ਨਹੀਂ ਕਰ ਸਕਦੀ। ਜਿਸ ਚੀਜ਼ ਦਾ ਕਾਲ ਹੈ, ਉਹ ਇੱਕ ਖ਼ਾਸ ਸਮੇਂ ਵਾਸਤੇ ਹੀ ਸਥਿਰ ਤੇ ਕਾਇਮ ਰਹਿੰਦੀ ਹੈ। ਜਦੋਂ ਉਹ ਸਮਾਂ ਪੁੱਗ ਗਿਆ, ਉਸਦਾ ਕਾਲ ਆ ਗਿਆ, ਉਹ ਖ਼ਤਮ ਹੋ ਗਿਆ ਅਤੇ ਉਸਦੀ ਮ੍ਰਿਤੂ ਹੋ ਗਈ। ਵਾਹਿਗੁਰੂ ਨਾ ਆਉਂਦਾ ਹੈ ਨਾ ਜਾਂਦਾ ਹੈ, ਨਾ ਜੰਮਦਾ ਹੈ ਨਾ ਮਰਦਾ ਹੈ। ਇਸ ਤਰ੍ਹਾਂ ਵਾਹਿਗੁਰੂ ਦਾ ਨਾਮ ਅਕਾਲ ਪੁਰਖ ਅੰਮ੍ਰਿਤ ਹੈ। ਇਸ ਗੱਲ ਨੂੰ ਗੁਰਬਾਣੀ ਵਿਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

– ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ॥
ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥ (੧੨੩੮)

ਅੰਮ੍ਰਿਤ ਦੀ ਪ੍ਰਾਪਤੀ ਕਿਸੇ ਓਪਰੇ ਜਾਂ ਬਾਹਰਲੇ ਕਰਮ ਨਾਲ ਨਹੀਂ ਹੁੰਦੀ। ਇਹ ਅਕਾਲ ਪੁਰਖ ਦੀ ਵਡਿਆਈ ਨੂੰ ਮਨੋ ਜਾਣਨ ਅਤੇ ਮਾਣਨ ਅਤੇ ਜਾਣਨ ਨਾਲ ਹੋਇਆ ਕਰਦੀ ਹੈ। ਜਦੋਂ ਮਨ ਵਿੱਚ ਨਾਮ ਦੀ ਮਹਿਮਾ ਚੰਗੀ ਤਰ੍ਹਾਂ ਰਚ ਜਾਏ, ਮਨ ਨਾਮ ਨਾਲ ਰੱਤਿਆ ਜਾਏ, ਉਦੋਂ ਨਾਮ ਜਾਂ ਅੰਮ੍ਰਿਤ ਪ੍ਰਾਪਤ ਹੁੰਦਾ ਹੈ। ਇਸ ਉੱਤੇ ਹੋਰ ਦ੍ਰਿੜ੍ਹਤਾ ਨਾਲ ਗੁਰੂ ਪਾਤਸ਼ਾਹ ਦੱਸਦੇ ਹਨ ਕਿ ਇਸ ਅੰਮ੍ਰਿਤ ਤੋਂ ਇਲਾਵਾ ਹੋਰ ਕੋਈ ਅੰਮ੍ਰਿਤ ਹੈ ਹੀ ਨਹੀਂ। ਨਾਮ ਅਮਰ ਹੈ, ਅਜਰ ਹੈ, ਅਖਹਿ ਹੈ, ਅਬਿਨਾਸੀ ਹੈ, ਕਾਲ ਰਹਿਤ ਹੈ ਅਤੇ ਅੰਮ੍ਰਿਤ ਹੈ।

ਮਨੁੱਖੀ ਜੀਵਾਂ ਦੀ ਦੇਹ, ਨੈਣ, ਜੀਭ, ਕੰਨ, ਅੰਦਰਲਾ ਅਤੇ ਆਤਮਾ ਨਾਮ ਵਿੱਚ ਰੱਤੇ ਹੋਣ ਮਗਰੋਂ ਅੰਮ੍ਰਿਤਮਈ ਹੋ ਜਾਂਦੇ ਹਨ। ਪ੍ਰਭ ਕਾ ਨਾਮ ਨਉ ਨਿਧਿ ਅੰਮ੍ਰਿਤ ਹੈ ਅਤੇ ਇਹ ਦੇਹੀ ਵਿੱਚ ਹੀ ਬਿਸਰਾਮ ਕਰਦਾ ਹੈ। ਜਦੋਂ ਇਹ ਪ੍ਰਗਟ ਹੋ ਜਾਂਦਾ ਹੈ ਤਾਂ ਲੋਇਨ ਅੰਮ੍ਰਿਤ ਭਿੰਨੇ ਹੋ ਜਾਂਦੇ ਹਨ। ਪ੍ਰੇਮ ਨਾਲ ਰੱਤਿਆ ਹੋਇਆ ਮਨ ਅੱਖਾਂ ਨੂੰ ਅੰਮ੍ਰਿਤਮਈ ਕਰ ਦਿੰਦਾ ਹੈ। ਦੁਨੀਆਂ ਦੀ ਹਰ ਨਜ਼ਰ ਆਉਣ ਵਾਲੀ ਵਸਤੂ ਨਾਸ਼ਵੰਤ ਹੈ। ਜਦੋਂ ਕੋਈ ਨਾਮ ਰੱਤੀ ਰੂਹ ਦੀਆਂ ਅੱਖਾਂ ਸਾਰੇ ਪਸਾਰੇ ਨੂੰ ਦੇਖ ਕੇ ਉਸ ਵਿਚ ਵਾਹਿਗੁਰੂ ਦੀ ਹੋਂਦ ਵੇਖਦੀਆਂ ਹਨ, ਉਸ ਵੇਲੇ ਇਹ ਅੰਮ੍ਰਿਤ ਭਿੰਨੀਆਂ ਹੋ ਜਾਂਦੀਆਂ ਹਨ।

– ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ॥
ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵੰਨਾ॥ (੪੪੮)

ਨਾਮ ਦੀ ਦਾਤ, ਖਰੇ ਹੋਏ ਮਨ ਦੀ ਉਹ ਦਸ਼ਾ ਹੁੰਦੀ ਹੈ ਕਿ ਉਸ ਵਿੱਚ ਕੋਈ ਖੋਟ ਬਾਕੀ ਨਹੀਂ ਰਹਿ ਜਾਂਦੀ, ਸੌ ਫ਼ੀਸਦੀ ਸ਼ੁੱਧ ਸੋਨਾ ਬਣ ਜਾਂਦੀ ਹੈ। ਉਹ ਰਾਮ ਦੀ ਕਸਵੱਟੀ ਤੇ ਕਸਿਆ ਜਾ ਚੁੱਕਾ ਹੁੰਦਾ ਹੈ ਅਤੇ ਅੰਮ੍ਰਿਤ ਭੁੰਚਣ ਵਾਲਾ ਇਹ ਮਨ ਨਾਮ ਰੂਪ ਹੀ ਹੋ ਜਾਂਦਾ ਹੈ।

ਗੁਰੂ ਪਾਤਸ਼ਾਹ ਦੀ ਸਮਸਤ ਦੇਹੁਰੀ ਅੰਮ੍ਰਿਤ ਜੇਹੀ ਹੁੰਦੀ ਹੈ ਅਤੇ ਉਸਦੀ ਬਾਣੀ ਵੀ ਅੰਮ੍ਰਿਤ ਸਰੂਪ ਹੈ। ਜਿਨ੍ਹਾਂ ਪੁਰਖਾਂ ਨੂੰ ਗੁਰਬਾਣੀ ਉੱਤੇ ਪ੍ਰਤੀਤ ਆ ਜਾਏ, ਗੁਰਬਾਣੀ ਮਨੋਂ ਚੰਗੀ ਲੱਗਣ ਲੱਗ ਪਏ, ਉਨ੍ਹਾਂ ਦਾ ਚਾਲ ਚਲਣ, ਆਚਰਣ, ਕੰਮ ਕਾਜ, ਕਾਰ ਵਿਹਾਰ ਗੁਰਬਾਣੀ ਅਨੁਸਾਰ ਹੋ ਜਾਏ ਤਾਂ ਇਹ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਅੰਮ੍ਰਿਤ ਦਾ ਗਿਆਨ ਹੋ ਗਿਆ ਹੈ ਅਤੇ ਉਹ ਅੰਮ੍ਰਿਤ ਛਕ ਰਹੇ ਹਨ।

ਇੱਥੇ ਇੱਕ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜੇ ਗੁਰੂ ਦੇਹੁਰੀ ਤੇ ਬਾਣੀ ਅੰਮ੍ਰਿਤ ਹੈ ਤਾਂ ਫਿਰ ਬਾਣੀ ਪੜ੍ਹ ਲੈਣ ਮਗਰੋਂ ਅੰਮ੍ਰਿਤ ਛਕਣ ਦੀ ਕੀ ਲੋੜ ਹੈ? ਉਸ ਬਾਰੇ ਤਾਂ ਇਤਨੀ ਹੀ ਬੇਨਤੀ ਹੈ ਕਿ ਅੰਮ੍ਰਿਤ ਛਕਣਾ, ਅੰਮ੍ਰਿਤ ਦੀ ਪ੍ਰਾਪਤੀ ਲਈ ਕੀਤਾ ਹੋਇਆ ਪ੍ਰਣ ਜਾਂ ਚੁੱਕੀ ਹੋਈ ਸਪਸ਼ ਹੈ।

-ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤੁ ਬੁਰਕੇ ਰਾਮ ਰਾਜੇ॥
ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ॥ (੪੪੯)

ਗੱਲ ਸਪੱਸ਼ਟ ਹੈ ਕਿ ਜਿਨ੍ਹਾਂ ਨੂੰ ਗੁਰਬਾਣੀ ਮਨੋਂ ਚੰਗੀ ਲੱਗਣ ਲੱਗ ਪਏਗੀ, ਉਹ ਅੰਮ੍ਰਿਤ ਛਕਣਗੇ। ਇਹੀ ਕਾਰਨ ਹੈ ਕਿ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਨ ਲੱਗਿਆਂ ਗੁਰਬਾਣੀ ਦਾ ਪਾਠ ਉਚਾਰਣ ਕੀਤਾ ਜਾਂਦਾ ਹੈ। ਅੰਮ੍ਰਿਤ ਛਕ ਕੇ ਗੁਰਬਾਣੀ ਮੁਤਾਬਿਕ ਚਲਣਾ ਹੈ। ਜਦੋਂ ਗੁਰਬਾਣੀ ਮੁਤਾਬਿਕ ਚਲਾਂਗੇ ਤਾਂ ਅੰਮ੍ਰਿਤ ਦੀ ਪ੍ਰਾਪਤੀ ਹੋਵੇਗੀ।